6

# ਸਾਡਾ ਖ਼ੁਦਾ ਸਦਾਚਾਰੀ ਹੈ

ਖ਼ੁਦਾ ਬਾਰੇ ਹੁਣ ਤਕ ਆਪਣੇ ਅਧਿਐਨ ਵਿਚ ਅਸੀਂ ਵੇਖਿਆ ਹੈ ਕਿ ਉਹ ਸਰਬਵਿਆਪੀ, ਸਰਬਗਿਆਨੀ, ਸਰਬਸ਼ਕਤੀਮਾਨ, ਸਿਰਜਣਹਾਰ ਅਤੇ ਇਤਿਹਾਸਕ ਹੈ। ਅਸੀਂ ਵੇਖਿਆ ਹੈ ਕਿ ਇਨ੍ਹਾਂ ਵਿੱਚੋਂ ਉਹਦੇ ਹਰ ਗੁਣ ਦਾ ਸਾਡੀ ਜ਼ਿੰਦਗੀ 'ਤੇ ਅਸਰ ਪੈਂਦਾ ਹੈ। ਅਸਲ 'ਚ ਜੇ ਖ਼ੁਦਾ ਜਿਹਦਾ ਅਸੀਂ ਅਧਿਐਨ ਕਰ ਰਹੇ ਹਾਂ, ਨਾ ਹੁੰਦਾ ਤਾਂ ਸਾਡਾ ਵਜੂਦ ਵੀ ਨਾ ਹੁੰਦਾ। ''ਅਸੀਂ ਓਸੇ ਵਿਚ ਜੀਉਂਦੇ ਰਹਿੰਦੇ, ਚੱਲਦੇ ਫਿਰਦੇ ਅਤੇ ਸਥਿਰ ਰਹਿੰਦੇ ਹਾਂ ...'' (ਰਸੂਲਾਂ ਦੇ ਕੰਮ 17:28)। ਸਾਡਾ ਖ਼ੁਦਾ ਨੇੜੇ, ਸਮਰੱਥਾ ਵਾਲਾ ਅਤੇ ਸਮਝ ਵਾਲਾ ਹੈ। ਉਸ ਨੇ ਸਾਨੂੰ ਸਭ ਕੁਝ ਮੁਹੱਈਆ ਕਰਵਾਇਆ ਹੈ ਅਤੇ ਸਾਡੀ ਰਹਿਨੁਮਾਈ ਕਰਦਾ ਹੈ। ਇਸ ਸਭ ਦੇ ਲਈ ਅਤੇ ਹੋਰ ਸਭ ਗੱਲਾਂ ਦੇ ਲਈ ਅਸੀਂ ਸਚਮੁਚ ਉਹਦਾ ਸ਼ੁਕਰ ਕਰਦੇ ਹਾਂ।

ਖ਼ੁਦਾ ਦੀ ਇਕ ਖੂਬੀ ਦਾ ਜੋ ਸਾਡੀ ਭਲਿਆਈ ਲਈ ਹੈ ਅਸੀਂ ਅਜੇ ਜ਼ਿਕਰ ਨਹੀਂ ਕੀਤਾ ਹੈ। ਜੇ ਖ਼ੁਦਾ ਸਦਾਚਾਰੀ ਨਾ ਹੁੰਦਾ ਤਾਂ ਜਿੰਨੀਆਂ ਵੀ ਖੂਬੀਆਂ ਦੀ ਅਸੀਂ ਹੁਣ ਤਕ ਸਮੀਖਿਆ ਕੀਤੀ ਹੈ ਉਹ ਸਭ ਸਾਨੂੰ ਅਨੋਖੀ ਅਤੇ ਦੁੱਖ ਦੇਣ ਵਾਲੀ ਹਾਲਤ ਵਿਚ ਪਾ ਦਿੰਦੇ। ਇਹ ਕਹਿਣਾ ਅਤਿਕਥਨੀ ਨਹੀਂ ਹੈ ਇਸ ਜ਼ਿੰਦਗੀ ਵਿਚ ਐਥੇ ਅਨੰਤਕਾਲ ਵਿਚ ਸਾਡੀ ਭਲਿਆਈ ਖ਼ੁਦਾ ਦੇ ਸਦਾਚਾਰੀ ਹੋਣ ਕਰਕੇ ਹੈ। ਇਸ ਲਈ ਆਓ ਖ਼ੁਦਾ ਦੇ ਇਸ ਸਰਵੋਤਮ ਗੁਣ ਦਾ ਧਿਆਨ ਨਾਲ ਅਧਿਐਨ ਕਰੀਏ।

## ਸੱਚ ਦੀ ਤਸਦੀਕ ਹੋਈ

ਸਦਾਚਾਰੀ ਹੋਣ ਲਈ ਬਿਲਕੁਲ ਪਵਿੱਤਰ ਹੋਣਾ ਜ਼ਰੂਰੀ ਹੈ। ਸਿੱਧ ਅਤੇ ਪਵਿੱਤਰ ਹੋਣ ਦੀ ਹਾਲਤ ਸਦਾਚਾਰੀ ਅਤੇ ਰੂਹਾਨੀ ਤੌਰ ਤੇ ਕਾਮਲ ਹੋਣ ਤੇ ਮਿਲਦੀ ਹੈ। ਬੇਸ਼ੱਕ ਸਿਰਫ਼ ਖ਼ੁਦਾ ਲਈ ਹੀ ਅਜਿਹਾ ਕਿਹਾ ਜਾ ਸਕਦਾ ਹੈ। ਬਾਈਬਲ ਧਰਤੀ ਅਤੇ ਸੁਰਗ ਵਿਚ ਖ਼ੁਦਾ ਦੀ ਪਵਿੱਤਰਤਾ ਦੀ ਤਸਦੀਕ ਕਈ ਵਾਰ ਕਰਦੀ ਹੈ। ਹੇਠਾਂ ਦਿੱਤੀਆਂ ਉਦਾਹਰਣਾਂ ਤੇ ਵਿਚਾਰ ਕਰੋ।

ਆਪਣੇ ਪੁੱਤਰ ਦੇ ਜਨਮ ਦਾ ਖ਼ਿਆਲ ਕਰਦਿਆਂ ਮਰੀਅਮ ਦੇ ਮੂੰਹੋਂ ਨਿੱਕਲਿਆ ਸੀ, ''... ਕਿਉਂ ਜੋ ਸ਼ਕਤੀਮਾਨ ਨੇ ਮੇਰੇ ਲਈ ਵੱਡੇ ਕੰਮ ਕੀਤੇ ਹਨ, ਅਤੇ ਪਵਿੱਤਰ ਹੈ ਉਹਦਾ ਨਾਂਅ'' (ਲੂਕਾ 1:49)।

ਯੂਹੰਨਾ ਰਸੂਲ ਨੇ ਸੁਰਗ ਦਾ ਨਜ਼ਾਰਾ ਵੇਖਣ ਤੇ, ਖ਼ੁਦਾ ਦੇ ਤਖ਼ਤ ਨੂੰ ਮਨੁੱਖਾਂ ਅਤੇ ਫ਼ਰਿਸ਼ਤਿਆਂ ਦੇ ਦਰਮਿਆਨ ਵੇਖਿਆ ਸੀ। ਉਹ ''ਜੀਉਂਦੇ ਪ੍ਰਾਣੀ'' ਬਿਨਾ ਰੁਕੇ ਗਾਉਂਦੇ ਜਾ ਰਹੇ ਸਨ, ''ਪਵਿੱਤਰ, ਪਵਿੱਤਰ, ਪਵਿੱਤਰ ਹੈ ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ, ਜਿਹੜਾ ਹੈ ਸੀ ਅਤੇ ਹੈ ਅਤੇ ਆਉਣ ਵਾਲਾ ਹੈ'' (ਪ੍ਰਕਾਸ਼ ਦੀ ਪੋਥੀ 4:8)। ਉਹ ''ਜੀਉਂਦੇ ਪ੍ਰਾਣੀ'' ਤਖ਼ਤ 'ਤੇ ਬੈਠੇ ਹੋਏ ਦੀ ਵਡਿਆਈ ਅਤੇ ਤਾਰੀਫ਼ ਵਿਚ ਗਾ ਰਹੇ ਸਨ। ਉਨ੍ਹਾਂ ਨਾਲ ਚੌਵ੍ਹੀ ਬਜ਼ੁਰਗ ਵੀ ਸਨ ਜੋ ਇਹ ਗਾਉਂਦੇ ਸਨ, ''ਹੇ ਸਾਡੇ ਪ੍ਰਭੂ ਅਤੇ ਸਾਡੇ ਪਰਮੇਸ਼ੁਰ ਤੂੰ ਮਹਿਮਾ, ਮਾਣ ਅਤੇ ਸਮਰੱਥਾ ਲੈਣ ਦੇ ਜੋਗ ਹੈਂ, ਤੈਂ ਜੋ ਸਾਰੀਆਂ ਵਸਤਾਂ ਰਚੀਆਂ, ਅਤੇ ਓਹ ਤੇਰੀ ਹੀ ਇੱਛਿਆ ਨਾਲ ਹੋਈਆਂ ਅਤੇ ਰਚੀਆਂ ਗਈਆਂ'' (ਪ੍ਰਕਾਸ਼ ਦੀ ਪੋਥੀ 4:9-11)। ਅਬਦੀ ਖ਼ੁਦਾ ਦੀ ਇਬਾਦਤ ਕਰ ਰਹੇ ਸਨ। ਉਨ੍ਹਾਂ ਦੇ ''ਸੁਰਗੀ ਨਜ਼ਰੀਏ'' ਤੋਂ

ਅਸੀਂ ਵੇਖਦੇ ਹਾਂ ਕਿ ਖ਼ੁਦਾ ਸੰਸਾਰ ਦੀ ਰਚਨਾ ਤੋਂ ਵੀ ਪਹਿਲਾਂ ਪਵਿੱਤਰ ਸੀ। ਜਿਵੇਂ ਉਹਦਾ ਸੁਭਾਅ ਸਰਵ-ਗਿਆਨੀ ਅਤੇ ਸਰਵ ਸ਼ਕਤੀਮਾਨ ਹੋਣਾ ਹੈ ਉਵੇਂ ਹੀ ਪਵਿੱਤਰ ਹੋਣਾ ਵੀ ਉਹਦਾ ਸੁਭਾਅ ਹੈ।

ਫੇਰ ''ਸੁਰਗੀ ਨਜ਼ਾਰਾ'' ਉਸਦੇ ਵੇਲੇ ਸਾਹਮਣੇ ਆਇਆ ਜਦ ਯਸਾਯਾਹ ਨਬੀ ਨੇ ਖ਼ੁਦਾ ਨੂੰ ਵਡਿਆਈ ਵਾਲੇ ਸਿੰਘਾਸਣ ਤੇ ਬੈਠਿਆਂ ਅਤੇ ਸਰਾਫ਼ੀਮ ਨੂੰ ਉਹਦੀ ਸੇਵਾ ਕਰਦਿਆਂ ਅਤੇ ਇਹ ਕਹਿੰਦਿਆਂ ਵੇਖਿਆ ਅਤੇ ਸੁਣਿਆ, ''ਪਵਿੱਤਰ, ਪਵਿੱਤਰ, ਪਵਿੱਤਰ ਸੈਨਾਂ ਦਾ ਯਹੋਵਾਹ, ਸਾਰੀ ਧਰਤੀ ਉਹਦੇ ਪ੍ਰਤਾਪ ਨਾਲ ਭਰੀ ਹੋਈ ਹੈ'' (ਯਸਾਯਾਹ 6:1-3)।

ਧਰਤੀ ਅਤੇ ਸੁਰਗ ਵਿਚ ਖ਼ੁਦਾ ਦੀ ਪਵਿੱਤਰਤਾ 'ਤੇ ਜ਼ੋਰ ਦਿੰਦੇ ਇਹ ਦ੍ਰਿਸ਼ ਸਾਫ਼-ਸਾਫ਼ ਉਹਦੀ ਰਚਨਾ ਨਾਲ ਜੁੜੇ ਹੋਏ ਹਨ: ''ਸਾਰੀ ਧਰਤੀ ਉਹਦੇ ਪ੍ਰਤਾਪ ਨਾਲ ਭਰੀ ਹੋਈ ਹੈ।'' ਉਹ ਵਡਿਆਈ ਅਤੇ ਉਸਤਤ ਦੇ ਜੋਗ ਹੈ ਕਿਉਂਕਿ ਉਸ ਨੇ ਸੰਸਾਰ ਦੀ ਹਰ ਚੀਜ਼ ਨੂੰ ਰਚਿਆ ਹੈ। ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਉਹਦੀ ਰਚਨਾ ਪਵਿੱਤਰਤਾ ਦੇ ਪ੍ਰਕਾਸ਼ ਮੰਡਲ ਨਾਲ ਸੱਜੀ ਹੋਈ ਹੈ। ਊਰਜਾ, ਖ਼ੂਬਸੂਰਤੀ ਅਤੇ ਤਰਤੀਬ ਨੂੰ ਵੇਖ ਕੇ ਰਚਨਾ ਵਿਚ ਸਾਨੂੰ ਇਕ ਸਦਾਚਾਰੀ ਗੁਣ ਮਿਲਦਾ ਹੈ।

## ਸੱਚਾਈ ਲਾਗੂ ਹੋਈ

ਦੁਨੀਆ ਅਤੇ ਇਤਿਹਾਸ ਵਿਚ ਖ਼ੁਦਾ ਦੇ ਸੰਦਰਭ ਤੇ ਚਰਚਾ ਕਰਨ ਦੇ ਬਾਅਦ, ਹੁਣ ਅਸੀਂ ਆਪਣੇ ਲਈ ਖ਼ੁਦਾ ਦੇ ਸਦਾਚਾਰੀ ਸੰਦਰਭ ਤੋਂ ਜਾਣੂ ਹੋਣਾ ਚਾਹੁੰਦੇ ਹਾਂ। ਖ਼ੁਦਾ ਆਰੰਭ ਕਰਨ ਵਾਲਾ (ਰਚਨਾ ਵਿਚ) ਅਤੇ ਕਾਇਮ ਰੱਖਣ ਵਾਲਾ (ਇਤਿਹਾਸ ਵਿਚ) ਹੈ। ਉਹ ਅਤਿ ਪਵਿੱਤਰ ਹੈ, ਇਸ ਕਰਕੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਮਨੁੱਖ ਵੀ ਸਦਾਚਾਰੀ ਹੋਣ। ਇਹ ਉਮੀਦ ਕਰਨਾ ਠੀਕ ਵੀ ਹੈ। ਸਾਨੂੰ ਸਦਾਚਾਰੀ ਬਣਾਇਆ ਗਿਆ ਸੀ। ਪਾਪ ਵਿਚ ਡਿੱਗਣ ਤੋਂ ਪਹਿਲਾਂ ਅਤੇ ਆਦਮੀ ਅਤੇ ਔਰਤ ਸਦਾਚਾਰੀ ਹੀ ਸਨ। ਖ਼ੁਦਾ ਨਾਲ ਉਨ੍ਹਾਂ ਦੀ ਸਿੱਧੀ ਗੱਲਬਾਤ ਸੀ, ਕਿਉਂਕਿ ਖ਼ੁਦਾ ਵਾਂਗ ਉਹ ਪਵਿੱਤਰ ਸਨ। ਪਰ ਪਾਪ ਕਰਨ ਦੇ ਬਾਅਦ, ਉਹ ਡਰਨ ਲੱਗੇ ਅਤੇ ਉਨ੍ਹਾਂ ਨੂੰ ਸ਼ਰਮ ਆਉਣ ਲੱਗੀ। ਉਨ੍ਹਾਂ ਦੀ ਪਹਿਲਾਂ ਵਾਰ ਹਾਲਤ ਵਿਗੜ ਗਈ ਸੀ। ਇਹ ਗੱਲ ਬਾਬੇ ਆਦਮ ਦੇ ਵੇਲੇ ਤੋਂ ਹੀ ਸੱਚ ਮੰਨੀ ਜਾਂਦੀ ਰਹੀ ਹੈ।

> ... ਫਿਰ ਵੀ ਮੈਂ ਜਾਣਦਾ ਹਾਂ, ਕਿ ਮੈਂ ਜਿੱਥੇ ਵੀ ਜਾਂਦਾ ਹਾਂ, ਉੱਥੋਂ ਹੀ ਧਰਤੀ ਦਾ ਪ੍ਰਤਾਪ ਚਲਿਆ ਜਾਂਦਾ ਹੈ।[1]

ਜੋ ਕਦੇ ਸ਼ੁੱਧ ਸੀ ਅੱਜ ਉਹ ਕਲੰਕਿਤ ਹੋ ਗਿਆ ਹੈ।

ਖ਼ੁਦਾ ਦੇ ਲੋਕਾਂ ਨੂੰ ਖ਼ੁਦਾ ਵੱਲ ਮੁੜ ਕੇ ਫੇਰ ਤੋਂ ਉਹਦੀ ਪਵਿੱਤਰਤਾ ਵਿਚ ਭਾਈਵਾਲ ਬਣਨ ਲਈ ਕਿਹਾ ਗਿਆ ਸੀ, ''ਕਿਉਂ ਜੋ ਮੈਂ ਯਹੋਵਾਹ ਤੁਹਾਡਾ ਖ਼ੁਦਾ ਹਾਂ, ਸੋ ਤੁਸਾਂ ਆਪਣੇ ਆਪ ਨੂੰ ਸ਼ੁੱਧ ਰੱਖਣਾ ਅਤੇ ਤੁਸਾਂ ਪਵਿੱਤਰ ਬਣਨਾ, ਮੈਂ ਜੋ ਪਵਿੱਤਰ ਹਾਂ'' (ਲੇਵੀਆਂ 11:44)। ਉਨ੍ਹਾਂ ਦੇ ਮੁੜ ਉਹਦੇ ਕੋਲ ਆਉਣ ਅਤੇ ਉਹਦੀ ਮਦਦ ਨਾਲ ਉਨ੍ਹਾਂ ਦੇ ਲਈ ਪਾਕ ਜ਼ਿੰਦਗੀ ਗੁਜ਼ਾਰਨ ਦੀ ਖ਼ੁਦਾ ਦੀ ਇੱਛਿਆ ਸਦਾਚਾਰੀ ਦੀ ਬਾਈਬਲ ਦੀ ਸਿੱਖਿਆ ਦਾ ਅਧਾਰ ਹੈ। ਸਾਡੇ ਸਦਾਚਾਰੀ ਹੋਣ ਦਾ ਅਧਾਰ ਖ਼ੁਦਾ ਦਾ ਪਵਿੱਤਰ ਹੋਣਾ ਹੈ। ਉਸ ਨੇ ਸਾਡੀ ਜ਼ਿੰਦਗੀ ਲਈ ਨੇਮ ਤੈਅ ਕਰ ਦਿੱਤਾ ਹੈ।

ਇਸ ਲਈ ਸਾਡੀਆਂ ਜ਼ਿੰਦਗੀਆਂ ਵਿਚ ਇਕ ''ਜ਼ਰੂਰੀ ਗੱਲ'' ਹੁੰਦੀ ਹੈ। ਜੇ ਅਸੀਂ ਚਾਹੁੰਦੇ ਹਾਂ ਕਿ ਉਹ ਸਨੂੰ ਕਬੂਲ ਕਰੇ ਤਾਂ ਸਾਨੂੰ ਉਹਦੀਆਂ ਸਿੱਖਿਆਵਾਂ ਅਨੁਸਾਰ ਸਾਨੂੰ ਆਪਣੀ ਨੈਤਿਕਤਾ ਨੂੰ ਬਣਾ ਕੇ ਰੱਖਣਾ ਜ਼ਰੂਰੀ ਹੈ। ਸਾਨੂੰ ਕਿਹੋ ਜਿਹਾ ਬਣਨਾ ਚਾਹੀਦਾ ਅਤੇ ਕੀ ਕਰਨ ਦੀ ''ਲੋੜ'' ਹੈ, ਇਹ ਸਾਡੇ ਜ਼ਮੀਰ ਦੇ ਅਧਾਰ ਤੇ ਤੈਅ ਨਹੀਂ ਕੀਤਾ ਜਾ ਸਕਦਾ। ਜ਼ਮੀਰ ਸਾਨੂੰ ਚੰਗੇ ਕੰਮ ਕਰਨ ਲਈ ਹੀ ਕਹਿੰਦਾ

ਹੈ। ਪਰ ਸਾਨੂੰ ਸਮਝ ਹੋਣੀ ਚਾਹੀਦੀ ਹੈ ਕਿ ਸਾਡੇ ਜ਼ਮੀਰ ਵੀ ਸਾਡੇ ਹੋਰ ਸਭ ਨਜ਼ਰੀਆਂ ਵਾਂਗ ਪਾਪ ਵਿਚ ਡੁੱਬੇ ਹਨ। ਇਸ ਲਈ ਸਾਡੇ ਜ਼ਮੀਰ ਨੁਕਸ ਭਰੇ ਹਨ। ਇਕ ਪਾਸੇ ਤਾਂ ਸਾਨੂੰ ਆਪਣੇ ਜ਼ਮੀਰ ਦੀ ਗੱਲ ਦਾ ਉਲੰਘਣ ਨਹੀਂ ਕਰਨਾ ਚਾਹੀਦਾ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਆਪਣੇ ਆਖਰੀ ਆਗੂ ਦੇ ਰੂਪ ਵਿਚ ਵੀ ਨਹੀਂ ਮੰਨਣਾ ਚਾਹੀਦਾ। ਸਾਡੀ ਰਹਿਨੁਮਾਈ ਖ਼ੁਦਾ ਦੇ ਹੁਕਮਾਂ ਦੇ ਰਾਹੀਂ ਹੀ ਹੋਣੀ ਚਾਹੀਦੀ ਹੈ ਜੋ ਸਾਡੇ ਮਨਾਂ ਅਤੇ ਜ਼ਮੀਰਾਂ ਨੂੰ ਉਹਦੀਆਂ ਗੱਲਾਂ ਦੱਸਦੇ ਹਨ। ਇਹਦਾ ਅਰਥ ਇਹ ਹੋਇਆ ਕਿ ਸਾਡੀ ਨੈਤਿਕਤਾ ਜ਼ਾਹਿਰ ਤੌਰ ਤੇ ਸਾਡੀਆਂ ਖਿਆਲੀ ਇੱਛਾਵਾਂ 'ਤੇ ਨਹੀਂ ਬਲਕਿ ਖ਼ੁਦਾ ਦੇ ਕਲਾਮ ਦੀ ਹਕੀਕਤ 'ਤੇ ਅਧਾਰਿਤ ਹੋਵੇਗੀ।

ਸਾਡੇ ਨੈਤਿਕ ਨਿਆਂ ਸੰਗਤ ਰੂਪ ਹੋਰ ਕਿਤੇ ਨਹੀਂ ਮਿਲ ਸਕਦੇ। ਉਦਾਹਰਣ ਲਈ, *ਤਾਕਤ ਨੂੰ ਅਸੀਂ ਨੈਤਿਕਤਾ ਦਾ ਅਧਾਰ ਨਹੀਂ ਮੰਨ ਸਕਦੇ*। ਅਸੀਂ ਜਾਣਦੇ ਹਾਂ ਕੌਮਾਂ ਤੇ ਨਿੱਜੀ ਲੋਕਾਂ ਵਿਚ ਲਾਠੀ ਵਾਲੇ ਨੂੰ ਮੱਝ ਨਹੀਂ ਮਿਲ ਜਾਂਦੀ।

ਅਸੀਂ ਇਹ ਵੀ ਜਾਣਦੇ ਹਾਂ ਕਿ *ਕੋਈ ਗੱਲ ਸਿਰਫ਼ ਇਸ ਲਈ ਨੈਤਿਕ ਨਹੀਂ ਹੈ ਕਿ ਉਹ ਮਨ ਮੁਤਾਬਕ ਨਿਸ਼ਾਨਾ ਹਾਸਲ ਕਰਨ ਲਈ ਕੰਮ ਕਰਦੀ ਹੈ*। ਜੇ ਇਹ ਸਹੀ ਹੁੰਦਾ ਤਾਂ ਦੂਜੀ ਸੰਸਾਰ ਜੰਗ ਦੌਰਾਨ ਨਾਜ਼ੀਆਂ ਵੱਲੋਂ ਇੱਕੋ ਨਸਲ ਦੇ ਲੋਕਾਂ ਦਾ ਕੀਤਾ ਗਿਆ ਕਤਲ ਜਾਇਜ਼ ਮੰਨਿਆ ਜਾਂਦਾ। ਇਸ ਕਤਲੇਆਮ ਦੀ ਹਦਾਇਤ ਇਕ ਠਹਿਰਾਏ ਹੋਏ ਟੀਚੇ ਦੀ ਪੂਰਤੀ ਲਈ ਦਿੱਤੀ ਗਈ ਸੀ। ਪਰ ਇਹ ਟੀਚਾ ਨੈਤਿਕ ਨਹੀਂ ਸੀ। ਜੇ ਕਿਸੇ ਟੀਚੇ ਨੂੰ ਹਾਸਲ ਕਰਨ ਲਈ ਕਿਸੇ ਵੀ ਢੰਗ ਦੀ ਵਰਤੋਂ ਉਸ ਟੀਚੇ ਨੂੰ ਨੈਤਿਕ ਬਣਾ ਦਿੰਦੀ ਹੈ, ਤਾਂ ਸਾਰੀ ਦੁਨੀਆਂ ਵਿਚ ਗਰਭਪਾਤ ਨਾਲ ਲੱਖਾਂ ਕਰੋੜਾਂ ਲੋਕਾਂ ਦਾ ਕਤਲ (ਹਰ ਸਾਲ 15,00,000 ਤੋਂ ਵੱਧ) ਨੈਤਿਕ ਹੁੰਦਾ?[2] ਭਲਾ ਇਹ ਨੈਤਿਕਤਾ ਹੈ?

*''ਚੱਲਦਾ ਹੈ'' ਕਿਸੇ ਗੱਲ ਨੂੰ ਨੈਤਿਕ ਨਹੀਂ ਬਣਾ ਦਿੰਦਾ*। ਜੇ ਅਸੀਂ ਇਕ ਅਜਿਹੇ ਪਾਪ ਰਹਿਤ ਸੰਸਾਰ ਵਿਚ ਰਹਿ ਰਹੇ ਹੁੰਦੇ ਜਿੱਥੇ ਕੋਈ ਬੁਰਾਈ ਨਾ ਹੁੰਦੀ, ਤਾਂ ਕੁਦਰਤੀ ਹੋਣ ਵਾਲੀ ਹਰ ਗੱਲ ਸਹੀ ਹੋਣੀ ਸੀ। ਲੋਕ ਤਾਂ ਨਾਪਾਕ, ਗੁਨਾਹਗਾਰ ਹੋ ਚੁੱਕੇ ਹਨ, ਇਸ ਲਈ ਸਾਡਾ ਸੁਭਾਵਿਕ ਝੁਕਾਅ ਸੱਚੀ ਨੈਤਿਕਤਾ ਦਾ ਅਧਾਰ ਨਹੀਂ ਹੈ। ਜੇ ਇਸ ਨੂੰ ਆਧਾਰ ਮੰਨ ਲਿਆ ਜਾਏ ਤਾਂ ਚੋਰ-ਅਲਾਰਮ, ਸੁਰੱਖਿਆ ਗਾਰਡ ਤਾਂ ਦੇਸ਼ ਵਿਚ ਲੋਕਾਂ ਵੱਲੋਂ ਆਪਣੇ ਘਰਾਂ ਨੂੰ ਤਾਲੇ ਲਾਉਣ ਦਾ ਕੀ ਮਤਲਬ ਹੈ, ਜਾਂ ਕਨੂੰਨ ਤੋੜਨ ਵਾਲੇ ਮੁਜਰਮਾਂ ਨਾਲ ਜੇਲ੍ਹਾਂ ਕਿਉਂ ਭਰੀਆਂ ਰਹਿੰਦੀਆਂ ਹਨ? ਅਸੀਂ ਸਭ ਇਸ ਗੱਲ ਨੂੰ ਸਮਝਦੇ ਹਾਂ ਕਿ ਜਿਹਦੀ ਲਾਠੀ ਉਹਦੀ ਮੱਝ ਨਹੀਂ ਹੋ ਸਕਦੀ ਅਤੇ ਉਪਯੋਗਿਤਾਵਾਦ ਨੈਤਿਕਤਾ ਦਾ ਅਧਾਰ ਨਹੀਂ ਹੈ। ਪਾਪ ਭਰੀ ਦੁਨੀਆਂ ਨਾਲ ਉਹ ਕਰਮ ਖੇਤਰ ਨਹੀਂ ਮਿਲਦਾ ਜਿਸ ਵਿਚ ਸੱਚੀ ਨੈਤਿਕਤਾ ''ਸੁਭਾਵਿਕ ਤੌਰ ਤੇ ਆਉਂਦੀ'' ਹੋਵੇ। ਇਸ ਦੀ ਭਾਲ ਸਾਨੂੰ ਕਿਤੇ ਹੋਰ ਕਰਨੀ ਪਵੇਗੀ।

ਖ਼ੁਦਾ ਦਾ ਸੁਭਾਅ ਉਹਦੀ ਪਵਿੱਤਰਤਾ ਰਾਹੀਂ ਵਧੀਆ ਤਰੀਕੇ ਨਾਲ ਵਿਖਾਇਆ ਜਾਂਦਾ ਹੈ। ਉਹਦੀ ਪਵਿੱਤਰਤਾ ਸਾਡੇ ਸਦਾਚਾਰੀ ਜੀਵਨ ਦਾ ਅਧਾਰ ਅਤੇ ਰਾਹ ਵਿਖਾਉਣ ਵਾਲੀ ਹੈ। ਪੁਰਾਣੇ ਨੇਮ ਵਿਚ ਉਹਦਾ ਕਹਿਣਾ ਬਹੁਤ ਹੀ ਸਾਫ਼ ਹੈ: ''ਤੁਸੀਂ ਪਵਿੱਤਰ ਬਣੋ ਕਿਉਂਕਿ ਮੈਂ ਤੁਹਾਡਾ ਪਰਮੇਸ਼ੁਰ ਯਹੋਵਾਹ ਪਵਿੱਤਰ ਹਾਂ'' (ਲੇਵੀਆਂ 19:2)। ਇਹੀ ਅਵਾਜ਼ ਨਵੇਂ ਨੇਮ ਵਿਚ ਵੀ ਸੁਣਾਈ ਦੇਂਦੀ ਹੈ। ''ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿਚ ਪਵਿੱਤਰ ਬਣੋ'' (1 ਪਤਰਸ 1:15)। ਅਸੀਂ ਖ਼ੁਦਾ ਵੱਲ ਵੇਖਦੇ ਹਾਂ ਜਿਸਦੀ ਨੈਤਿਕ ਸਿੱਧਤਾ ਸਾਡੀ ਨੈਤਿਕਤਾ ਦੀ ਬੁਨਿਆਦ ਹੈ। ਬਾਈਬਲ ਵਿਚ ਅਸੀਂ ਉਸ ਖ਼ੁਦਾ ਨੂੰ ਮਿਲਦੇ ਹਾਂ ਜੋ ਸਾਨੂੰ ਦੱਸਦਾ ਹੈ ਕਿ ਅਸੀਂ ਸਿੱਧ ਕਿਵੇਂ ਬਣ ਸਕਦੇ ਹਾਂ ਅਤੇ ਕਿਵੇਂ ਸਹੀ ਕੰਮ ਕਰ ਸਕਦੇ ਹਾਂ ਕਿਉਂਕਿ ਉਹ ਆਪ ਵੀ ਸਹੀ ਹੈ।

ਸਾਨੂੰ ਕਿਹੋ ਜਿਹੇ ਬਣਨ ਦੀ ''ਲੋੜ'' ਹੈ? ਖ਼ੁਦਾ ਸਾਨੂੰ *ਖ਼ਾਸ ਤੌਰ ਤੇ* ਇਹੀ ਨਹੀਂ ਦੱਸਦਾ ਹੈ ਕਿ ਸਾਨੂੰ ਕਿਹੋ ਜਿਹਾ ਬਣਨਾ ਚਾਹੀਦਾ ਹੈ ਬਲਕਿ ਇਹ ਵੀ ਵਿਖਾਉਂਦਾ ਹੈ ਕਿ ਅਸੀਂ ਉਹੋ ਜਿਹੇ ਕਿਵੇਂ ਬਣ

ਸਕਦੇ ਹਾਂ ਜਿਹੋ ਜਿਹੇ ਸਾਨੂੰ ਹੋਣਾ ''ਚਾਹੀਦਾ'' ਹੈ। ਖ਼ੁਦਾ ਦੇ ਪੁੱਤਰ ਯਿਸੂ ਨੇ ਆਖਿਆ, ''ਮੈਂ ਆਪਣੀ ਨਹੀਂ ਸਗੋਂ ਉਸ ਦੀ ਇੱਛਿਆ ਪੂਰੀ ਕਰਨੀ ਚਾਹੁੰਦਾ ਹਾਂ, ਜਿਸਨੇ ਮੈਨੂੰ ਘੱਲਿਆ ਹੈ'' (ਯੂਹੰਨਾ 5:30)। ਆਪਣੇ ਪਿਤਾ ਦੀ ਇੱਛਿਆ ਪੂਰੀ ਕਰਨ ਵਿਚ, ਅਸੀਂ ਉਹਦੇ ਖ਼ੁਦਾ ਦੀ ਨੈਤਿਕ ਸ੍ਰੇਸ਼ਠਤਾ ਨੂੰ ਵੇਖਦੇ ਹਾਂ। ਇਸ ਲਈ ਮਸੀਹ ਦੇ ਨਾਲ ਮਿਲ ਕੇ, ਅਸੀਂ ਆਪਣੀ ਅਨੈਤਿਕਤਾ ਨੂੰ ਇਕ ਪਾਸੇ ਰੱਖ ਕੇ ਉਸਦੀ ਜ਼ਿੰਦਗੀ ਦੀ ਸ਼ੁੱਧਤਾ ਨੂੰ ਆਪਣੀ ਜ਼ਿੰਦਗੀ ਵਿਚ ਵਿਖਾਉਂਦੇ ਹਾਂ। ਵਿਸ਼ਵਾਸ ਨਾਲ ਤੌਬਾ ਕਰਕੇ ਬਪਤਿਸਮਾ ਲੈਣ ਨਾਲ ''ਮਸੀਹ ਨੂੰ ਪਹਿਨ ਕੇ'' ਅਸੀਂ ਉਸ ਵਿਚ ਦਫ਼ਨ ਹੁੰਦੇ, ਸ਼ੁੱਧ ਹੁੰਦੇ ਅਤੇ ਨਵੀਂ ਜ਼ਿੰਦਗੀ ਵਿਚ ਚੱਲਣ ਲਈ ਜੀ ਉੱਠਦੇ ਹਾਂ (ਰਸੂਲਾਂ ਦੇ ਕੰਮ 2:38; ਰੋਮੀਆਂ 6:3, 4; ਗਲਾਤੀਆਂ 3:26, 27)। ਅਸੀਂ ਆਪਣੇ ਵਿਸ਼ਵਾਸ ਦੇ ਰਾਹੀਂ ਉਹਦੀ ਕਿਰਪਾ ਨਾਲ ਉਹ ਬਣਦੇ ਹਾਂ ਜੋ ਖ਼ੁਦਾ ਸਾਨੂੰ ਬਨਾਉਣਾ ਚਾਹੁੰਦਾ ਹੈ (ਅਫ਼ਸੀਆਂ 2:8, 9)।

## ਸੱਚਾਈ ਕਰਮਸ਼ੀਲ ਹੋਈ

ਮਸੀਹ ਵਿਚ ਨਵੀਂ ਜ਼ਿੰਦਗੀ ਦੇ ਬਹੁਤ ਸਾਰੇ ਪਹਿਲੂ ਹਨ, ਪਰ ਇਸ ਪਾਠ ਵਿਚ ਸਾਡੀ ਦਿਲਚਸਪੀ ਨੈਤਿਕ ਜੀਵਨ ਬਾਰੇ ਹੈ। ਅਸੀਂ ਸਦਾਚਾਰੀ ਕਿਵੇਂ ਰਹੀਏ? ਇਸਦਾ ਜਵਾਬ ਅਸਾਨ ਲੱਗਦਾ ਹੈ: ਹਰ ਰੋਜ਼ ਅਸੀਂ ਅਨੈਤਿਕ ਵਿਚਾਰ ਤੇ ਚਾਲ ਚੱਲਣ ਤੋਂ ਪਰਹੇਜ਼ ਰੱਖ ਨੈਤਿਕ ਵਿਹਾਰ ਨੂੰ ਅਮਲ ਵਿਚ ਲਿਆਈਏ। ਨੈਤਿਕ ਕੀ ਹੈ ਅਨੈਤਿਕ ਕੀ ਹੈ? ਪਹਿਲਾਂ ਅਸੀਂ ਕੁਝ ਨਿਅਮ ਵੇਖੇ ਸਨ, ਹੁਣ ਅਸੀਂ ਉਸ ਨੂੰ ਸਾਫ਼ ਵੇਖ ਸਕਦੇ ਹਾਂ। ਪਰ ਇਸ ਤਰ੍ਹਾਂ ਕਰਦਿਆਂ ਅਸੀਂ ਇਸ ਦਿਸ਼ਾ ਵੱਲ ਇਸ਼ਾਰਾ ਹੀ ਕਰਾਂਗੇ।

ਸਾਡਾ ਖ਼ੁਦਾ ਸਦਾਚਾਰੀ ਹੈ। ਉਹਦੀ ਪਵਿੱਤਰਤਾ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਦਾ ਅਧਾਰ ਹੈ ਜੋ ਕਿ ਆਮ ਤੌਰ ਤੇ ਸਾਫ਼ ਤੌਰ ਤੇ ਬਿਆਨ ਕੀਤੀ ਜਾਂਦੀ ਹੈ। ਨਾਂਹਪੱਖੀ ਹੁਕਮਾਂ ਦੀ ਹੇਠਾਂ ਦਿੱਤੀ ਸੂਚੀ ਤੇ ਧਿਆਨ ਦਿਓ: ਖ਼ੂਨ *ਨਾ ਕਰ*, ਵਿਭਚਾਰ *ਨਾ ਕਰ*, ਚੋਰੀ *ਨਾ ਕਰ*, ਝੂਠੀ ਗਵਾਹੀ *ਨਾ ਦੇ*, ਮਾਤਾ-ਪਿਤਾ ਦੀ ਬੇਇੱਜ਼ਤੀ *ਨਾ ਕਰ* ਜਾਂ ਉਨ੍ਹਾਂ ਨੂੰ ਦੁੱਖ *ਨਾ ਦੇ*, ਝੂਠ *ਨਾ ਬੋਲ*, ਬੇਈਮਾਨੀ *ਨਾ ਕਰ*, ਵਿਭਚਾਰ ਵਰਗੇ ਕੰਮਾਂ ਵਿਚ *ਨਾ ਪੈ*, ਨਜ਼ਦੀਕੀ ਰਿਸ਼ਤੇਦਾਰਾਂ ਨਾਲ ਸਰੀਰਕ ਸੰਬੰਧ *ਨਾ ਰੱਖ*, ਸਮਲਿੰਗੀ ਜਾਂ ਮਾੜੀ ਬੁੱਧ ਦਾ *ਨਾ ਹੋ*।[3] ਹਾਂ ਪੱਖੀ ਹੁਕਮਾਂ ਨੂੰ ਮੰਨਣ 'ਤੇ ਧਿਆਨ ਦਿਓ: ਦਿਆਲੂ, ਕੋਮਲ, ਮੇਲ ਕਰਾਉਣ ਵਾਲੇ, ਪਿਆਰ ਕਰਨ ਵਾਲੇ, ਸਾਫ਼ ਗੱਲ ਕਰਨ ਵਾਲੇ, ਲਿਹਾਜ਼ ਰੱਖਣ ਵਾਲੇ, ਬੁੱਧਵਾਨ, ਪਵਿੱਤਰ, ਧੀਰਜ ਰੱਖਣ ਵਾਲੇ, ਹਲੀਮ, ਦੀਨ, ਅਤੇ ਆਦਰ ਕਰਨ ਵਾਲੇ *ਬਣੋ*।[4] ਇਹ ਸੂਚੀਆਂ ਅਧੂਰੀਆਂ ਹਨ ਪਰ ਇਨ੍ਹਾਂ ਵਿਚ ਸਾਨੂੰ ਸਹੀ ਦਿਸ਼ਾ ਵਿਚ ਲੈ ਜਾਣ ਦਾ ਸੰਕੇਤ ਹੈ।

ਸਾਡਾ ਖ਼ੁਦਾ ਸਦਾਚਾਰੀ ਹੈ। ਉਸ ਨੇ ਸਾਨੂੰ ਆਪਣੇ ਸਰੂਪ ਤੇ ਬਣਾਇਆ ਹੈ। ਉਹ ਚਾਹੁੰਦਾ ਹੈ ਕਿ ਅਸੀਂ ਵੀ ਸਦਾਚਾਰੀ ਹੋਈਏ। ਸਦਾਚਾਰੀ ਹੋਣ ਦਾ ਅਰਥ ਉਸ ਨੇ ਸਾਫ਼ ਦੱਸ ਦਿੱਤਾ ਹੈ। ਇਸ ਪਾਠ ਵਿਚ ਅਸੀਂ ਸਿੱਖਿਆ ਹੈ ਕਿ (1) ਪੂਰੀ ਤਰ੍ਹਾਂ ਨਾਲ ਪਵਿੱਤਰ ਖ਼ੁਦਾ ਨੂੰ ਪਾ ਲੈਣ ਤੋਂ ਕੀ ਭਾਵ ਹੈ, (2) ਉਸ ਨੇ ਪਾਪ ਵਿਚ ਡਿੱਗੇ ਹੋਏ ਮਨੁੱਖ ਨੂੰ ਸਾਡੀ ਅਨੈਤਿਕਤਾ ਅਤੇ ਹੋਰ ਗੁਨਾਹ ਢੱਕਣ ਵਾਸਤੇ ਅਜਿਹੇ ਮੌਕੇ ਦਿੱਤੇ ਹਨ ਅਤੇ (3) ਸਾਨੂੰ ਨੈਤਿਕ ਜੀਵਨ ਜੀਣ ਦੀ ਚੁਣੌਤੀ ਦਿੱਤੀ ਗਈ ਹੈ। ਜ਼ਬੂਰ ਲਿਖਣ ਵਾਲੇ ਨੇ ਆਖਿਆ:

> ਮੈਂ ਯਹੋਵਾਹ ਦੇ ਕੰਮਾਂ ਦਾ ਜ਼ਿਕਰ ਕਰਾਂਗਾ,
> ਕਿਉਂ ਜੋ ਮੈਂ ਤੇਰੇ ਪੁਰਾਣਿਆਂ ਸਮਿਆਂ ਦੇ ਅਚਰਜਾਂ ਨੂੰ ਚੇਤੇ ਕਰਾਂਗਾ।
> ਮੈਂ ਤੇਰੇ ਸਾਰੇ ਕੰਮਾਂ ਤੇ ਵਿਚਾਰ ਕਰਾਂਗਾ,

ਅਤੇ ਮੈਂ ਤੇਰੇ ਕਾਰਜਾਂ ਉੱਤੇ ਧਿਆਨ ਕਰਾਂਗਾ।
ਹੇ ਖ਼ੁਦਾ ਤੇਰਾ ਮਾਰਗ ਪਵਿੱਤਰਤਾਈ ਵਿਚ ਹੈ,
ਖ਼ੁਦਾ ਵਰਗਾ ਵੱਡਾ ਦਿਉਤਾ ਕਿਹੜਾ ਹੈ?
(ਜ਼ਬੂਰ 77:11-13)

---

ਟਿੱਪਣੀਆਂ

[1]*ਓਡ ਆਨ ਦ ਲਿਮਿਟੇਸ਼ੰਜ਼ ਆਫ਼ ਇੱਮੌਰਟੈਲਿਟੀ,* 17-18 ਸਤਰਾਂ ਵਿਚ ਵਿਲੀਅਮ ਵਰਡਸਵਰਥ, ''ਰੀਕਲੈਸ਼ੰਜ਼ ਆਫ਼ ਅਰਲੀ ਚਾਈਲਡਹੁਡ।'' [2]ਲੇਗਰਡ ਸਮਿੱਥ, *ਵੈੱਨ ਚੌਇਸ ਬਿਕਮਜ਼ ਗੌਡ* (ਯੂਜੀਨ, ਓਰਿਲੋਨ: ਹਾਰਵੈਸਟ ਹਾਊਸ, 1990), 82-86. [3]ਕੂਚ 21:15; ਲੇਵੀਆਂ 18:6-8, 23; 19:11, 29, 35; 20:13; 24:19, 20; ਵਿਵਸਥਾਸਾਰ 5:17-20; 19:3; 22:25; 1 ਕੁਰਿੰਥੀਆਂ 6:18. [4]ਮੱਤੀ 5:7-9, 22, 28, 31, 39, 42-47; 6:1-4, 22, 23; 7:12, 24-27; 1 ਕੁਰਿੰਥੀਆਂ 7:10-16; ਗਲਾਤੀਆਂ 5:14, 22; ਅਫ਼ਸੀਆਂ 5:3-5, 32; 1 ਪਤਰਸ 2:1, 11, 12; 3:16; 4:3, 4; 5:5, 6; 2 ਪਤਰਸ 1:7.